# ਜੇ ਪੰਜਾਬੀ ਭੁਲ ਜਾਵੋਗੇ

ਜੇ ਪੰਜਾਬੀ ਭੁਲ ਜਾਵੋਗੇ

ਤਾਂ ਰਹੁ ਨਾਂ ਤਾਣੀ

ਅੰਗ੍ਰੇਜ਼ੀ ਵਿਚ ਦਸੋ ਕਿਦਾਂ

ਸਮਝੋਗੇ ਗੁਰਬਾਣੀ

ਜੇ ਪੰਜਾਬੀ.........

ਏਨਾ  ਤੇਜ਼ ਨਾਂ ਦੋੜੋ  ਬੇਸ਼ਕ

ਸਮੇ ਦੇ ਬੰਜੋ ਹਾਣੀ

ਭੁਲ ਨਾਂ ਜਾਇਓ ਮਾਂ ਪੰਜਾਬੀ

ਭਾਸ਼ਾਵਾਂ ਦੀ ਰਾਣੀ

ਜੇ ਪੰਜਾਬੀ  ..............

ਜਿਸ ਤਰਾਂ ਸੀ ਦਸਮ ਪਿਤਾ ਨੇ

ਚਾਰੋਂ ਪੁਤਰ ਵਾਰੇ

ਪੰਜਾਬੀ ਵਿਚ ਉਹ ਕੁਰਬਾਨੀ

ਸੁਨਣ ਦੇ ਅਓਨ  ਨਜ਼ਾਰੇ

ਜੇ ਪੰਜਾਬੀ ................

ਗੁਰੂ ਨਾਨਕ ਦੇ ਮੁਖ ਚੋਂ ਨਿਕਲੀ

ਗੁਰਮੁਖੀ ਕਹਿਲਾਵੇ

ਗੁਰੂਆਂ ਦੀ ਸਿਖਿਆ ਨੂੰ ਜੇਕਰ

ਕੋਈ ਸਮਝਣਾਂ ਚਾਹਵੇ

ਉਸ ਨੂੰ ਵੀਰੋ ਪੜ੍ਹਨੀ ਪੇਨੀ

ਭਾਸ਼ਾਵਾਂ ਦੀ ਰਾਣੀ

ਜੇ ਪੰਜਾਬੀ ਭੁਲ ਜਾਵੋਗੇ..........

ਅੰਗ੍ਰੇਜ਼ੀ ਵਿਚ ਗਾ ਕੇ ਮੈਨੂੰ

ਮਿਰਜ਼ਾ ਕੋਈ ਸੁਨਾਵੋ

ਹੋ ਸਕੇ ਅੰਗ੍ਰੇਜ਼ੀ ਦੇ ਵਿਚ

ਲਾਮੀ ਹੇਕ ਲਗਾਓ

ਸ਼ਿਵ ਬਟਾਲਵੀ ਦੇ ਗੀਤਾਂ ਨੂੰ

ਅੰਗ੍ਰੇਜ਼ੀ ਵਿਚ ਗਾਵੋ

ਜਾਂ ਫਿਰ ਹੀਰ ਨੂੰ ਅੰਗ੍ਰੇਜ਼ੀ ਵਿਚ

ਗਾਕੇ ਕੋਈ ਸੁਨਾਵੋ

ਜੇ ਪੰਜਾਬੀ........

ਬੰਦਾ ਸਿੰਘ ਬਹਾਦੁਰ ਜੰਗ ਵਿਚ

ਕਿਵੇਂ ਮਾਰਦਾ ਟਾਹਰਾਂ

ਅੰਗ੍ਰੇਜ਼ੀ ਵਿਚ ਕਿਵੇਂ ਸੁਣਾਈਏ

ਗੁਰਮੁਖੀ ਕਹਿਲਾਵੇ

ਗੁਰੂਆਂ ਦੀ ਸਿਖਿਆ ਨੂੰ ਜੇਕਰ

ਕੋਈ ਸਮਝਣਾਂ ਚਾਹਵੇ

ਉਸ ਨੂੰ ਵੀਰੋ  ਪੜ੍ਹਨੀ  ਪੇਨੀ

ਭਾਸ਼ਾਵਾਂ ਦੀ ਰਾਣੀ

ਜੇ ਪੰਜਾਬੀ ਭੁਲ ਜਾਵੋਗੇ..........

ਅੰਗ੍ਰੇਜ਼ੀ ਵਿਚ ਗਾ ਕੇ ਮੇਨੂੰ

ਮਿਰਜ਼ਾ ਕੋਈ ਸੁਨਾਵੋ

ਹੋ ਸਕੇ ਅੰਗ੍ਰੇਜ਼ੀ ਦੇ ਵਿਚ

ਲਾਮੀ ਹੇਕ ਲਗਾਓ

ਸ਼ਿਵ ਬਟਾਲਵੀ ਦੇ ਗੀਤਾਂ ਨੂੰ

ਅੰਗ੍ਰੇਜ਼ੀ ਵਿਚ ਗਾਵੋ

ਜਾਂ ਫਿਰ  ਹੀਰ ਨੂੰ ਅੰਗ੍ਰੇਜ਼ੀ ਵਿਚ

ਗਾਕੇ ਕੋਈ ਸੁਨਾਵੋ

ਜੇ ਪੰਜਾਬੀ........

ਬੰਦਾ ਸਿੰਘ ਬਹਾਦੁਰ ਜੰਗ ਵਿਚ

ਕਿਵੇਂ ਮਾਰਦਾ ਟਾਹਰਾਂ

ਅੰਗ੍ਰੇਜ਼ੀ ਵਿਚ ਕਿਵੇਂ ਸੁਣਾਈਏ

ਭਗਤ ਸਿੰਘ ਦੀਆਂ  ਵਾਰਾਂ

ਵਿਰਸਾ ਆਪਣਾਂ ਭੁਲ ਜਾਵੋਗੇ

ਤੰਦ ਰਹੁ ਨਾ ਤਾਣੀ

ਅੰਗ੍ਰੇਜ਼ੀ ਵਿਚ ਦਸੋ ਕਿਦਾਂ

ਸਮਝੋਗੇ ਗੁਰਬਾਣੀ

ਜੇ ਪੰਜਾਬੀ..........